ਮਿੱਠੇ ਬੱਚੇ:- – "ਪ੍ਰਾਣ ਦੇਣ ਵਾਲਾ ਬਾਪ ਹੈ , ਉਹ ਨਾਲੇਜ਼ ਅਜਿਹੀ ਦਿੰਦੇ ਹਨ ਜਿਸ ਨਾਲ ਪ੍ਰਾਣ ਦਾਨ ਮਿਲ ਜਾਂਦਾ ਹੈ , ਅਜਿਹੇ ਪ੍ਰਾਣ ਦਾਨ ਦੇਣ ਵਾਲੇ ਬਾਪ ਨੂੰ ਪਿਆਰ ਨਾਲ ਯਾਦ ਕਰੋ

ਪ੍ਰਸ਼ਨ:- ਪ੍ਰਸ਼ਨ :- ਕਿਸ ਆਧਾਰ ਤੇ 21 ਜਨਮਾਂ ਤੱਕ ਤੁਹਾਡੇ ਸਭ ਭੰਡਾਰੇ ਭਰਪੂਰ ਰਹਿੰਦੇ ਹਨ?

ਉੱਤਰ:- ਸੰਗਮਯੁਗ ਤੇ ਤੁਹਾਨੂੰ ਬੱਚਿਆਂ ਨੂੰ ਜੋ ਨਾਲੇਜ਼ ਮਿਲਦੀ ਹੈ, ਇਹ ਸੋਰਸ ਆਫ਼ ਇਨਕਮ ਹੈ। ਇਸ ਪੜ੍ਹਾਈ ਦੇ ਆਧਾਰ ਨਾਲ ਸਭ ਭੰਡਾਰੇ ਭਰਪੂਰ ਹੋ ਜਾਂਦੇ ਹਨ। ਇਸ ਪੜ੍ਹਾਈ ਨਾਲ 21 ਜਨਮਾਂ ਦੀ ਖੁਸ਼ੀ ਮਿਲ ਜਾਂਦੀ ਹੈ। ਅਜਿਹੀ ਕੋਈ ਚੀਜ਼ ਨਹੀਂ, ਜਿਸਦੀ ਪ੍ਰਾਪਤੀ ਦੀ ਇੱਛਾ ਰਹੇ। ਬਾਬਾ ਨਾਲੇਜ਼ ਦਾ ਦਾਨ ਦਿੰਦੇ ਹਨ, ਜਿਸਨਾਲ ਆਤਮਾ ਕੀ ਤੋਂ ਕੀ ਬਣ ਜਾਂਦੀ ਹੈ।

ਓਮ ਸ਼ਾਂਤੀ । ਭਗਵਾਨੁਵਾਚ - ਸਾਲੀਗ੍ਰਾਮ ਸਮਝਦੇ ਹਨ ਸ਼ਿਵਬਾਬਾ ਸਾਨੂੰ ਪੜ੍ਹਾਉਣ ਆਉਂਦੇ ਹਨ। ਬੱਚੇ ਜਾਣਦੇ ਹਨ ਉਹ ਹੀ ਸ੍ਰਿਸ਼ਟੀ ਦੇ ਆਦਿ -ਮੱਧ -ਅੰਤ ਨੂੰ ਜਾਣਦੇ ਹਨ। ਬੱਚਿਆਂ ਨੂੰ ਹੁਣ ਕੋਈ ਨਵੀਂ ਗੱਲ ਨਹੀਂ ਲੱਗਦੀ। ਸਮਝ ਵਿੱਚ ਆ ਗਿਆ ਹੈ। ਮਨੁੱਖ ਤਾਂ ਸਭ ਭੁੱਲੇ ਹੋਏ ਹਨ। ਜਿਸਨੇ ਪੜ੍ਹਾਇਆ, ਉਸਦੇ ਬਦਲੇ ਪਹਿਲੇ ਨੰਬਰ ਵਿੱਚ ਪੜ੍ਹਾਉਣ ਵਾਲੇ ਦਾ ਨਾਮ ਪਾ ਦਿੱਤਾ ਹੈ। ਤੁਹਾਨੂੰ ਪੜ੍ਹਾਉਂਦੇ - ਪੜ੍ਹਾਉਂਦੇ ਇਹ ਸਿੱਧ ਕਰਨੀ ਹੈ। ਭਾਰਤ ਦੇ ਸ਼ਾਸ਼ਤਰਾਂ ਦੀ ਹੀ ਗੱਲ ਹੈ ਹੋਰ ਧਰਮ ਦੇ ਸ਼ਾਸਤਰਾਂ ਦੀ ਨਹੀਂ। ਭੁੱਲ ਹੀ ਭਾਰਤ ਦੇ ਸ਼ਾਸਤਰਾਂ ਦੀ ਹੈ। ਤੁਹਾਡੇ ਸਿਵਾਏ ਇਹ ਗੱਲ ਹੋਰ ਕੋਈ ਸਿੱਧ ਨਹੀਂ ਕਰ ਸਕਦਾ। ਬੱਚੇ ਜਾਣਦੇ ਹਨ ਇਹ ਅਨਾਦਿ ਡਰਾਮਾ ਹੈ, ਫਿਰ ਵੀ ਰਿਪੀਟ ਹੋਵੇਗਾ। ਤੁਸੀਂ ਮਨੁੱਖਮਾਤਰ ਨੂੰ ਸੁਧਾਰਨ ਦਾ ਪੁਰਸ਼ਾਰਥ ਕਰਦੇ ਹੋ। ਮਨੁੱਖ ਜਦੋਂ ਸੁਧਰਦੇ ਹਨ ਦੁਨੀਆਂ ਹੀ ਸੁਧਰ ਜਾਂਦੀ ਹੈ। ਸਤਿਯੁਗ ਹੈ ਸੁਧਰੀ ਹੋਈ ਦੁਨੀਆਂ ਅਤੇ ਕਲਿਯੁਗ ਹੈ ਅਣਸੁਧਰੀ ਹੋਈ ਪੁਰਾਣੀ ਦੁਨੀਆਂ। ਇਹ ਵੀ ਤੁਸੀਂ ਬੱਚੇ ਚੰਗੀ ਤਰ੍ਹਾਂ ਸਮਝਦੇ ਹੋ ਧਾਰਨ ਕਰ ਸਮਝਾਉਣ ਲਾਇਕ ਵੀ ਬਣਦੇ ਹੋ। ਇਸ ਵਿੱਚ ਬੜੀ ਰਿਫਾਇਨਨੇਸ ਚਾਹੀਦੀ ਹੈ। ਬਾਬਾ ਤੁਹਾਨੂੰ ਕਿੰਨਾ ਰਿਫਾਇਨ ਕਰ ਸਮਝਾਉਂਦੇ ਹਨ, ਸੁਧਾਰਧੇ ਹਨ। ਬਾਪ ਕਹਿੰਦੇ ਹਨ ਜਦੋਂ ਤੁਸੀਂ ਸੁਧਰ ਜਾਂਦੇ ਹੋ ਫਿਰ ਮੈਨੂੰ ਸੁਧਾਰਨ ਦੀ ਜਰੂਰਤ ਨਹੀਂ ਰਹਿੰਦੀ। ਤੁਸੀਂ ਅਣ -ਆਰਯ ਬਣ ਪਏ ਸੀ, ਹੁਣ ਆਰਯ ਮਤਲਬ ਦੇਵੀ - ਦੇਵਤਾ ਬਣਨਾ ਹੈ। ਸੋ ਤਾਂ ਸਤਿਯੁਗ ਵਿੱਚ ਹੀ ਹੋਣਗੇ। ਉਹ ਸਭ ਸੁਧਰੇ ਹੋਏ ਸਨ, ਹੁਣ ਅਣਸੁਧਰੇਲੇ ਉਹਨਾਂ ਦੀ ਪੂਜਾ ਕਰਦੇ ਹਨ। ਇਹ ਕਿਸੇ ਦੀ ਬੁੱਧੀ ਵਿੱਚ ਨਹੀਂ ਆਉਂਦਾ ਕਿ ਅਸੀਂ ਉਹਨਾਂ ਨੂੰ ਕਿਉਂ ਸੁਧਰੇਲੇ ਕਹਿੰਦੇ ਹਾਂ? ਹਨ ਸਭ ਮਨੁੱਖ, ਜੋ ਸੁਧਰੇਲੇ ਆਰਿਆ ਸਨ ਉਹ ਹੀ ਸਭ ਅਣਸੁਧਰੇਲੇ ਬਣੇ ਹਨ। ਆਰਿਆ ਅਤੇ ਅਣ-ਆਰਿਆ। ਬਾਕੀ ਉਹ ਜੋ ਆਰਿਆ ਸਮਾਜ ਹੈ ਉਹ ਮੱਠ - ਪੰਥ ਹੈ। ਇਹ ਸਭ ਝਾੜ ਤੋਂ ਕਲੀਅਰ ਸਮਝ ਸਕਦੇ ਹੋ। ਇਹ ਹੈ ਮਨੁੱਖ ਸ੍ਰਿਸ਼ਟੀ ਦਾ ਝਾੜ, ਇਸ ਦੀ ਉੱਮਰ ਪੰਜ ਹਜਾਰ ਸਾਲ ਹੈ। ਇਸ ਦਾ ਨਾਮ ਕਲਪ ਬ੍ਰਿਖ ਹੈ। ਪ੍ਰੰਤੂ ਕਲਪ ਬ੍ਰਿਖ ਅੱਖਰ ਤੋਂ ਮਨੁੱਖਾਂ ਦੀ ਬੁੱਧੀ ਵਿਚ ਝਾੜ ਨਹੀਂ ਆਉਂਦਾ ਹੈ। ਤੁਹਾਨੂੰ ਝਾੜ ਦੇ ਰੂਪ ਵਿਚ ਸਮਝਾਇਆ ਹੈ। ਉਹ ਕਹਿ ਦਿੰਦੇ ਹਨ ਕਲਪ ਲੱਖਾਂ ਵਰ੍ਹਿਆਂ ਦਾ ਹੈ। ਬਾਪ ਕਹਿੰਦੇ ਹਨ ਪੰਜ ਹਜਾਰ ਵਰ੍ਹਿਆਂ ਦਾ ਹੈ। ਹੋਰ ਕੋਈ ਕਿੰਨੀ ਉੱਮਰ ਸੁਣਾਉਂਦੇ, ਕੋਈ ਕਿੰਨੀ। ਪੂਰਾ ਸਮਝਾਉਣ ਵਾਲਾ ਕੋਈ ਹੈ ਨਹੀਂ। ਆਪਸ ਵਿੱਚ ਕਿੰਨਾ ਸ਼ਾਸਤਰਵਾਦ ਕਰਦੇ ਹਨ। ਤੁਹਾਡੀ ਤੇ ਇਹ ਰੂਹਰੂਹਾਨ ਹੈ, ਤੁਸੀ ਸੈਮੀਨਾਰ ਕਰਦੇ ਹੋ ਉਸ ਨੂੰ ਰੂਹਰੂਹਾਨ ਕਿਹਾ ਜਾਂਦਾ ਹੈ। ਪ੍ਰਸ਼ਨ - ਉੱਤਰ ਸਮਝਣ ਦੇ ਲਈ ਵੀ ਕਰਦੇ ਹਨ। ਬਾਬਾ ਜੋ ਕੁਝ ਤੁਹਾਨੂੰ ਸੁਣਾਉਂਦੇ ਹਨ, ਉਸ ਵਿਚੋਂ ਟੌਪਿਕ ਕੱਢ ਕੇ ਤੁਸੀ ਸੁਣਾਉਂਦੇ ਹੋ। ਉਹ ਲੋਕੀ ਕੀ ਸੁਣਾਉਂਦੇ ਹਨ, ਇਹ ਵੀ ਤੁਸੀ ਜਾਕੇ ਸੁਣੋ। ਫਿਰ ਆਕੇ ਸੁਣਾਉਣਾ ਚਾਹੀਦਾ ਹੈ ਕਿ ਇਸ ਤਰ੍ਹਾਂ ਦਾ ਵਾਦ - ਵਿਵਾਦ ਚਲਦਾ ਹੈ।

ਪਹਿਲਾਂ ਤਾਂ ਇਹ ਸਮਝਾਉਣ ਹੈ ਕਿ ਗੀਤਾ ਦਾ ਭਗਵਾਨ ਕੌਣ? ਭਗਵਾਨ ਬਾਪ ਨੂੰ ਭੁੱਲਣ ਕਾਰਣ ਬਿਲਕੁਲ ਚਟ ਖਾਤੇ ਵਿੱਚ ਆ ਗਏ ਹਨ। ਤੁਹਾਡਾ ਬੱਚਿਆਂ ਦਾ ਤੇ ਬਾਪ ਨਾਲ ਲਵ ਹੈ। ਤੁਸੀ ਬਾਬਾ ਨੂੰ ਯਾਦ ਕਰਦੇ ਹੋ। ਬਸ, ਬਾਬਾ ਹੀ ਪ੍ਰਾਣ ਦੇਣ ਵਾਲਾ ਹੈ। ਨਾਲੇਜ ਦਾ ਦਾਨ ਅਜਿਹਾ ਦਿੰਦੇ ਹਨ ਜੋ ਕੀ ਤੋਂ ਕੀ ਬਣ ਜਾਂਦੇ ਹਨ। ਤਾਂ ਬਾਪ ਨਾਲ ਲਵ ਰਹਿਣਾ ਚਾਹੀਦਾ ਹੈ। ਬਾਬਾ ਸਾਨੂੰ ਅਜਿਹੀਆਂ ਨਵੀਆਂ ਗੱਲਾਂ ਸੁਣਾਉਂਦੇ ਹਨ। ਅਸੀ ਸ੍ਰੀਕ੍ਰਿਸ਼ਨ ਨੂੰ ਕਿੰਨਾ ਯਾਦ ਕਰਦੇ ਹਾਂ। ਉਹ ਕੁਝ ਦਿੰਦਾ ਹੀ ਨਹੀਂ। ਸ੍ਰੀ ਨਰਾਇਣ ਨੂੰ ਯਾਦ ਕਰਦੇ ਹਾਂ, ਯਾਦ ਕਰਨ ਨਾਲ ਕੁਝ ਹੁੰਦਾ ਹੈ ਕੀ? ਅਸੀਂ ਤਾਂ ਕੰਗਾਲ ਦੇ ਕੰਗਾਲ ਹੀ ਰਹਿ ਗਏ। ਦੇਵਤੇ ਕਿੰਨੇ ਸਾਲਵੇਂਟ ਸਨ। ਹੁਣ ਸਾਰੀਆਂ ਆਰਟੀਫਿਸ਼ਲ ਚੀਜਾਂ ਹੋ ਗਈਆਂ ਹਨ। ਜਿਨ੍ਹਾਂ ਦਾ ਦਾਮ ਨਹੀਂ ਉਨ੍ਹਾਂ ਦਾ ਹੁਣ ਦਾਮ ਹੋ ਗਿਆ ਹੈ। ਉੱਥੇ ਆਨਾਜ ਆਦਿ ਦੇ ਦਾਮ ਦੀ ਗੱਲ ਹੀ ਨਹੀਂ। ਸਭ ਦੀ ਆਪਣੀ - ਆਪਣੀ ਪ੍ਰਾਪਰਟੀ ਆਦਿ ਹੈ, ਕੋਈ ਅਪ੍ਰਾਪਤ ਚੀਜ ਨਹੀਂ, ਜਿਸ ਦੀ ਪ੍ਰਾਪਤੀ ਦੀ ਇੱਛਾ ਰਹੇ। ਬਾਬਾ ਕਹਿੰਦੇ ਹਨ - ਮੈਂ ਤੁਹਾਡਾ ਭੰਡਾਰਾ ਭਰਪੂਰ ਕਰ ਦਿੰਦਾ ਹਾਂ। ਤੁਹਾਨੂੰ ਅਜਿਹੀ ਨਾਲੇਜ਼ ਦਿੰਦਾ ਹਾਂ ਜਿਸ ਨਾਲ ਤੁਹਾਡਾ ਭੰਡਾਰਾ ਭਰ ਜਾਂਦਾ ਹੈ। ਤੁਹਾਡੀ ਬੁੱਧੀ ਵਿਚ ਹੈ ਨਾਲੇਜ਼ ਇਜ ਸੌਰਸ ਆਫ ਇੰਨਕਮ। ਨਾਲੇਜ ਹੀ ਸਭ ਕੁਝ ਹੈ। ਇਸ ਪੜਾਈ ਨਾਲ ਤੁਸੀ ਕਿੰਨਾ ਉੱਚ ਬਣਦੇ ਹੋ! ਪੜਾਈ ਦਾ ਭੰਡਾਰ ਹੈ ਨਾ। ਉਹ ਟੀਚਰਜ਼ ਪੜਾਉਂਦੇ ਹਨ, ਉਸ ਤੋਂ ਅਲਪਕਾਲ ਦਾ ਸੁਖ ਮਿਲਦਾ ਹੈ। ਇਸ ਪੜਾਈ ਨਾਲ ਤੁਹਾਨੂੰ 21 ਜਨਮ ਦਾ ਸੁਖ ਮਿਲਦਾ ਹੈ। ਤੁਹਾਨੂੰ ਬੱਚਿਆਂ ਨੂੰ ਬਹੁਤ ਖੁਸ਼ੀ ਹੋਣੀ ਚਾਹੀਦੀ ਹੈ। ਇਹ ਸਮਝਣ ਵਿਚ ਸਮਾਂ ਲਗਦਾ ਹੈ। ਜਲਦੀ ਕੋਈ ਸਮਝ ਨਹੀਂ ਸਕਦਾ। ਕੋਟਾਂ ਵਿਚੋਂ ਕੋਈ ਨਿਕਲਦਾ ਹੈ। ਅਧਾਕਲਪ ਸਾਰੇ ਮਨੁੱਖ ਇੱਕ ਦੂਜੇ ਨੂੰ ਡਿਗਾਉਂਦੇ ਹੀ ਆਏ

ਹਨ। ਚੜਾਉਣ ਵਾਲਾ ਇੱਕ ਬਾਪ ਹੈ। ਬੇਹੱਦ ਦੀ ਪੜਾਈ ਪੜਾਉਣ ਵਾਲੇ ਦੇ ਬਦਲੇ ਪੜਨ ਵਾਲੇ ਦਾ ਨਾਮ ਪਾ ਦਿੱਤਾ ਹੈ। ਦੁਨੀਆ ਇਨ੍ਹਾਂ ਗੱਲਾਂ ਨੂੰ ਨਹੀਂ ਜਾਣਦੀ। ਕਹਿੰਦੇ ਹਨ - ਭਗਵਾਨੁਵਾਚ, ਪੜਕੇ ਗਏ। ਫਿਰ ਉਨ੍ਹਾਂ ਦਾ ਕੋਈ ਸ਼ਾਸਤਰ ਰਹਿੰਦਾ ਨਹੀਂ। ਸਤਿਯੁੱਗ ਵਿਚ ਕੋਈ ਸ਼ਾਸਤਰ ਹੈ ਨਹੀਂ। ਇਹ ਸਭ ਹਨ ਭਗਤੀਮਾਰਗ ਦੇ ਸ਼ਾਸਤਰ। ਕਿੰਨਾਂ ਵੱਡਾ ਝਾੜ ਹੈ। ਭਗਤੀ ਦੀਆਂ ਇਹ ਅਨੇਕ ਟਾਲ - ਟਾਲੀਆਂ ਨਾ ਹੋਣ ਤਾਂ ਝਾੜ ਦਾ ਨਾਮ ਵੀ ਨਾ ਰਹੇ। ਇਹ ਸਭ ਧਾਰਨਾ ਕਰਨ ਦੀਆਂ ਗੱਲਾਂ ਹਨ। ਤੁਸੀ ਧਾਰਨਾ ਕਰਦੇ ਹੋ। ਪੜਾਉਣ ਵਾਲਾ ਤੇ ਪੜਾਕੇ ਗੁੰਮ ਹੋ ਜਾਂਦਾ ਹੈ। ਪੜਨ ਵਾਲੇ ਆਕੇ ਵਿਸ਼ਵ ਦੇ ਮਾਲਿਕ ਬਣਦੇ ਹਨ। ਕਿੰਨੀਆਂ ਨਵੀਆਂ ਗੱਲਾਂ ਹਨ। ਇੱਕ ਵੀ ਗੱਲ ਬੁੱਧੀ ਵਿਚ ਬੈਠਦੀ ਨਹੀਂ ਹੈ। ਸਟੂਡੈਂਟ ਵੀ ਤੁਸੀ ਸਭ ਨੰਬਰਵਾਰ ਹੋ,ਕੋਈ ਪਾਸ ਹੁੰਦੇ, ਕੋਈ ਫੇਲ੍ਹ ਹੁੰਦੇ। ਇਹ ਹੈ ਬੇਹੱਦ ਦਾ ਵੱਡਾ ਇਮਤਿਹਾਨ। ਤੁਸੀ ਜਾਣਦੇ ਹੋ ਅਸੀਂ ਹੁਣ ਚੰਗੀ ਤਰ੍ਹਾਂ ਪੜਾਂਗੇ ਤਾਂ ਕਲਪ - ਕਲਪੰਤਰ ਚੰਗਾ ਪੜਾਂਗੇ। ਚੰਗਾ ਪੜਨ ਵਾਲੇ ਹੀ ਉੱਚ ਪਦਵੀ ਪਾਉਂਦੇ ਹਨ। ਨੰਬਰਵਾਰ ਸਭ ਜਾਣਗੇ। ਸਾਰਾ ਕਲਾਸ ਟਰਾਂਸਫਰ ਹੁੰਦਾ ਹੈ। ਨੰਬਰਵਾਰ ਜਾਕੇ ਬੈਠਦੇ ਹਨ, ਇਹ ਗਿਆਨ ਵੀ ਆਤਮਾ ਵਿਚ ਹੈ। ਚੰਗੇ ਜਾਂ ਬੁਰੇ ਸੰਸਕਾਰ ਆਤਮਾ ਵਿਚ ਹਨ। ਸ਼ਰੀਰ ਤੇ ਮਿੱਟੀ ਹੈ, ਆਤਮਾ ਨਿਰਲੇਪ ਹੋ ਨਹੀਂ ਸਕਦੀ। 100% ਸਤੋਪ੍ਰਧਾਨ ਅਤੇ 100% ਤਮੋਪ੍ਰਧਾਨ ਕੌਣ ਹਨ - ਇਹ ਵੀ ਤੁਸੀ ਸਮਝਦੇ ਹੋ। ਪਹਿਲਾਂ ਤਾਂ ਗਰੀਬਾਂ ਨੂੰ ਉਠਾਉਣਾ ਪਵੇ। ਉਹ ਪਹਿਲਾਂ ਆਉਣਗੇ। ਗੁਰੂਆਂ ਦੇ ਵੀ ਚੰਗੇ - ਚੰਗੇ ਅਨੰਨਿਆ ਸ਼ਿਸ਼ ਜਦੋਂ ਆਉਣਗੇ ਤਾਂ ਉਨ੍ਹਾਂ ਦੀ ਬੁੱਧੀ ਖੁੱਲੇਗੀ। ਵੇਖਣਗੇ ਇਹ ਤਾਂ ਸਾਡੇ ਹੀ ਪੱਤੇ ਨਿਕਲਦੇ ਜਾਂਦੇ ਹਨ। ਇੱਥੇ ਦੇ ਜੋ ਹੋਣ ਗੇ ਉਹ ਤਾਂ ਨਿਕਲ ਆਉਣਗੇ। ਬਾਪ ਆਕੇ ਨਵਾਂ ਝਾੜ ਸ਼ੁਰੂ ਕਰਦੇ ਹਨ। ਜੋ ਹੋਰ - ਹੋਰ ਧਰਮਾਂ ਵਿਚ ਜਾਕੇ ਪਏ ਹਨ ਉਹ ਸਭ ਮੁੜ ਆਉਣਗੇ। ਫਿਰ ਵੀ ਆਪਣੇ ਭਾਰਤ ਵਿਚ ਹੀ ਆਉਣਗੇ। ਭਾਰਤਵਾਸੀ ਹੀ ਸਨ ਨਾ। ਸਾਡੀ ਡਾਲ ਦੇ ਜੋ ਹਨ ਉਹ ਸਭ ਆ ਜਾਣਗੇ। ਅੱਗੇ ਚੱਲ ਕੇ ਤੁਸੀ ਸਭ ਸਮਝਦੇ ਜਾਵੋਗੇ। ਹੁਣ ਬਾਹਰ ਤੋਂ ਸਭ ਨੂੰ ਧੱਕਾ ਮਿਲਦਾ ਜਾਂਦਾ ਹੈ। ਜਿੱਥੇ - ਜਿੱਥੇ ਬਾਹਰ ਵਾਲੇ ਹਨ ਉਨ੍ਹਾਂ ਨੂੰ ਭਜਾਉਂਦੇ ਰਹਿੰਦੇ ਹਨ। ਸਮਝਦੇ ਹਨ - ਇਹ ਬਹੁਤ ਧਨਵਾਨ ਹੋ ਗਏ ਹਨ। ਇੱਥੇ ਵਾਲੇ ਗਰੀਬ ਹੋ ਗਏ ਹਨ।

ਪਿਛਾੜੀ ਵਿਚ ਸਭ ਨੂੰ - ਆਪਣੇ ਧਰਮ ਵਿਚ ਜਾਣਾ ਹੁੰਦਾ ਹੈ। ਆਖਿਰ ਸਭ ਆਪਣੇ - ਆਪਣੇ ਘਰ ਵੱਲ ਭੱਜਣਗੇ। ਵਿਲਾਇਤ ਵਿਚ ਕੋਈ ਮਰਦਾ ਹੈ ਤਾਂ ਉਨ੍ਹਾਂ ਨੂੰ ਭਾਰਤ ਵਿਚ ਲੈ ਆਉਦੇਂ ਹਨ ਕਿਉਂਕਿ ਭਾਰਤ ਹੈ ਫਸਟਕਲਾਸ ਪਵਿੱਤਰ ਭੂਮੀ। ਭਾਰਤ ਵਿਚ ਹੀ ਨਵੀਂ ਦੁਨੀਆ ਸੀ। ਇਸ ਸਮੇਂ ਇਸ ਨੂੰ ਵਾਇਸਲੈਸ ਵਰਲਡ ਨਹੀਂ ਕਹਿ ਸਕਦੇ। ਇਹ ਹੈ ਵਿਸ਼ਸ਼ ਵਰਲਡ ਇਸਲਈ ਬੁਲਾਉਂਦੇ ਹਨ - ਹੇ ਪਤਿਤ - ਪਾਵਨ ਆਓ, ਆਕੇ ਸਾਨੂੰ ਪਾਵਨ ਬਣਾਓ। ਭਾਵੇਂ ਦੁਨੀਆ ਤੇ ਇਹ ਹੀ ਹੈ। ਪ੍ਰੰਤੂ ਇਸ ਦੁਨੀਆ ਵਿਚ ਕੋਈ ਪਾਵਨ ਤੇ ਹੈ ਨਹੀਂ। ਪਾਵਨ ਆਤਮਾਵਾਂ ਮੂਲਵਤਨ ਵਿਚ ਹਨ। ਉਹ ਹੈ ਬ੍ਰਹਮ ਮਹਾਤੱਤਵ। ਸਭ ਪਾਵਨ ਬਣ ਕੇ ਓਥੇ ਜਾਣਗੇ। ਫਿਰ ਨੰਬਰਵਾਰ ਆਉਣਗੇ ਪਾਰਟ ਵਜਾਉਣ। ਆਦਿ ਸਨਾਤਨ ਦੇਵੀ - ਦੇਵਤਾ ਧਰਮ ਦਾ ਇਹ ਫਾਉਂਡੇਸ਼ਨ ਹੈ। ਫਿਰ ਤਿੰਨ ਟਿਉਬ ਨਿਕਲਦੀਆਂ ਹਨ। ਇਹ ਤੇ ਦੇਵਤਾ ਧਰਮ ਹੈ। ਇਹ ਕੋਈ ਟਿਉਬ ਨਹੀਂ ਹੈ। ਪਹਿਲਾਂ ਇਹ ਫਾਉਂਡੇਸ਼ਨ ਫਿਰ ਤਿੰਨ ਟਿਉਬਾਂ ਨਿਕਲਦੀਆਂ ਹਨ। ਮੁੱਖ ਹਨ ਚਾਰ ਧਰਮ। ਸਭ ਤੋਂ ਚੰਗਾ ਧਰਮ ਹੈ ਇਹ ਬ੍ਰਾਹਮਣ ਧਰਮ। ਉਸ ਦੀ ਬਹੁਤ ਮਹਿਮਾ ਹੈ। ਹੀਰੇ ਜਿਹੇ ਤੁਸੀਂ ਇੱਥੇ ਬਣਦੇ ਹੋ। ਬਾਪ ਤੁਹਾਨੂੰ ਇੱਥੇ ਪੜਾਉਂਦੇ ਹਨ। ਤਾਂ ਤੁਸੀਂ ਕਿੰਨੇ ਵੱਡੇ ਹੋ। ਦੇਵਤਾਵਾਂ ਤੋਂ ਵੀ ਤੁਸੀ ਬ੍ਰਾਹਮਣ ਬਹੁਤ ਨਾਲੇਜਫੁਲ ਹੋ। ਵੰਡਰ ਹੈ ਨਾ। ਅਸੀਂ ਜੋ ਨਾਲੇਜ਼ ਲੈਂਦੇ ਹਾਂ ਉਹ ਸਾਡੇ ਨਾਲ ਚਲਦੀ ਹੈ। ਫਿਰ ਉੱਥੇ ਨਾਲੇਜ਼ ਨੂੰ ਹੀ ਭੁੱਲ ਜਾਂਦੇ ਹਾਂ। ਤੁਸੀ ਜਾਣਦੇ ਹੋ ਪਹਿਲੇ ਅਸੀਂ ਕੀ ਪੜਦੇ ਸੀ, ਹੁਣ ਅਸੀਂ ਕੀ ਪੜਦੇ ਹਾਂ। ਆਈ. ਸੀ. ਐਸ ਵਾਲੇ ਕੀ ਪੜਦੇ ਹਨ ਅਤੇ ਬਾਦ ਵਿਚ ਕੀ ਪੜਦੇ ਹਨ। ਫਰਕ ਤੇ ਹੈ ਨਾ। ਅੱਗੇ ਚੱਲਕੇ ਤੁਸੀ ਬਹੁਤ ਨਵੇਂ ਪੁਆਇੰਟਸ ਸੁਣੋਗੇ। ਹਾਲੇ ਨਹੀਂ ਦੱਸਾਂਗੇ। ਪਾਰਟ ਹੀ ਅੱਗੇ ਸੁਨਣ ਦਾ ਹੈ। ਬੁੱਧੀ ਵਿਚ ਰਹਿੰਦਾ ਹੈ - ਨਾਲੇਜ਼ ਦਾ ਪਾਰਟ ਜਦੋਂ ਪੂਰਾ ਹੋਣਾ ਹੋਵੇਗਾ ਤਾਂ ਅਸੀਂ ਵੀ ਉਸ ਵੇਲੇ ਬਾਬਾ ਦੇ ਗਿਆਨ ਨੂੰ ਧਾਰਨ ਕਰ ਲਵਾਂਗੇ। ਫਿਰ ਸਾਡਾ ਪਾਰਟ ਸਵਰਗ ਵਿਚ ਸ਼ੁਰੂ ਹੋ ਜਾਵੇਗਾ। ਉਨ੍ਹਾਂ ਦਾ ਪਾਰਟ ਪੂਰਾ ਹੋ ਜਾਵੇਗਾ। ਬੁੱਧੀ ਵਿਚ ਬਹੁਤ ਚੰਗੀ ਧਾਰਨਾ ਚਾਹੀਦੀ ਹੈ। ਸਿਮਰਨ ਕਰਦੇ ਰਹੋ, ਬਾਪ ਨੂੰ ਯਾਦ ਕਰਦੇ ਰਹੋ। ਯਾਦ ਨਹੀਂ ਹੋਵੇਗੀ ਤਾਂ ਘੱਟ ਪਦਵੀ ਪਾਉਣਗੇ। ਬਾਪ ਨੂੰ ਯਾਦ ਕਰਦੇ - ਕਰਦੇ ਸ਼ਰੀਰ ਦਾ ਭਾਨ ਨਿਕਲ ਜਾਵੇਗਾ। ਸੰਨਿਆਸੀ ਵੀ ਇਸ ਅਵਸਥਾ ਦਾ ਅਭਿਆਸ ਕਰਦੇ - ਕਰਦੇ ਸ਼ਰੀਰ ਛੱਡ ਦਿੰਦੇ ਹਨ। ਪਰ ਉਨ੍ਹਾਂ ਦਾ ਰਾਹ ਵੱਖ ਹੈ, ਇਸਲਈ ਉਨ੍ਹਾਂ ਨੂੰ ਫਿਰ ਤੋਂ ਜਨਮ ਲੈਣਾ ਪੈਂਦਾ ਹੈ। ਫਾਲੋਅਰਸ ਸਮਝਦੇ ਹਨ ਉਹ ਬ੍ਰਹਮ ਵਿਚ ਲੀਨ ਹੋ ਗਿਆ ਫਿਰ ਵਾਪਿਸ ਆ ਨਹੀਂ ਸਕਦਾ। ਬਾਪ ਸਮਝਾਉਂਦੇ ਹਨ ਵਾਪਿਸ ਕੋਈ ਵੀ ਜਾ ਨਹੀਂ ਸਕਦੇ। ਪਿੱਛਾੜੀ ਵਿਚ ਸਭ ਐਕਟ੍ਰਸ ਜਦੋਂ ਸਟੇਜ ਤੇ ਆਉਣਗੇ ਤਾਂ ਫਿਰ ਘਰ ਜਾਣਗੇ। ਉਹ ਹੈ ਹਦ ਦਾ ਵਿਨਾਸ਼ੀ ਨਾਟਕ, ਇਹ ਹੈ ਬੇਹੱਦ ਦਾ ਅਵਿਨਾਸ਼ੀ ਨਾਟਕ। ਤੁਸੀ ਚੰਗੀ ਤਰ੍ਹਾਂ ਸਮਝਾ ਸਕਦੇ ਹੋ, ਇਹ ਡਰਾਮਾ ਜੂੰ ਤਰ੍ਹਾਂ ਚਲਦਾ ਹੈ। ਉਹ ਤਾਂ ਫਿਰ ਛੋਟੇ - ਛੋਟੇ ਡਰਾਮੇ ਬਣਾਉਂਦੇ ਹਨ। ਝੂਠੀ ਫਿਲਮ ਬਣਾਉਂਦੇ ਹਨ। ਉਨ੍ਹਾਂ ਵਿਚ ਥੋੜ੍ਹੀ ਨਾ ਚੰਗੀਆਂ ਗੱਲਾਂ ਹੁੰਦੀਆਂ ਹਨ ਜਿਵੇਂ ਵਿਸ਼ਨੂ ਅਵਤਰਣ ਵਿਖਾਉਂਦੇ ਹਨ। ਇਵੇਂ ਨਹੀਂ, ਉੱਪਰ ਤੋਂ ਕੋਈ ਉਤਰ ਆਉਂਦਾ ਹੈ। ਲਕਸ਼ਮੀ - ਨਰਾਇਣ ਪਾਰਟ ਵਜਾਉਣ ਆਉਂਦੇ ਹਨ। ਬਾਕੀ ਉੱਪਰ ਤੋਂ ਕੋਈ ਨਹੀਂ ਆਉਂਦੇ ਹਨ। ਹੁਣ ਤੁਹਾਨੂੰ ਬੱਚਿਆਂ ਨੂੰ ਬਾਪ ਪੜਾਉਂਦੇ ਹਨ। ਤਾਂ ਇਹ ਗੱਲਾਂ ਤੁਸੀਂ ਸਭ ਸਮਝ ਸਕਦੇ ਹੋ। ਪਹਿਲਾਂ ਤੁਸੀ ਵੀ ਤੁੱਛ ਬੁੱਧੀ ਸੀ। ਜਦ ਬਾਪ ਨੇ ਸਮਝਾਇਆ ਹੈ ਤਾਂ ਤੁਹਾਡੇ ਕਪਾਟ ਖੁਲ ਗਏ ਹਨ। ਇਤਨਾ ਸਮੇਂ ਜੋ ਕੁਝ ਸੁਣਿਆ ਉਹ ਕਿਸੇ ਕੰਮ ਦਾ ਨਹੀਂ ਸੀ ਹੋਰ ਹੀ ਡਿੱਗਦੇ ਗਏ ਇਸਲਈ ਤੁਸੀ ਸਭ ਤੋਂ ਲਿਖਵਾਉਂਦੇ ਹੋ। ਜਦ ਲਿਖਕੇ ਦੇਣ ਤਾਂ ਸਮਝਿਆ ਜਾਵੇ - ਕੁਝ ਬੁੱਧੀ ਵਿਚ ਬੈਠਿਆ ਹੈ। ਬਾਹਰ ਤੋਂ ਆਉਂਦੇ ਹਨ, ਫਾਰਮ ਭਰਵਾਉਂਦੇ ਹਨ ਤਾਂ ਪਤਾ ਚੱਲੇ ਸਾਡੇ ਕੁਲ ਦਾ ਹੈ। ਮੂਲ ਗੱਲ ਹੈ ਬਾਪ ਨੂੰ ਜਾਣਨਾ। ਸਮਝਣ ਕਿ ਕਲਪ - ਕਲਪ ਬਾਪ ਸਾਨੂੰ ਪੜਾਉਂਦੇ ਹਨ। ਇਹ ਪੁੱਛਣਾ ਹੈ - ਕਦੋਂ ਤੋਂ ਪਵਿੱਤਰ ਬਣੇ ਹੋ? ਜਲਦੀ ਨਹੀਂ ਸੁਧਰਦੇ। ਘੜੀ - ਘੜੀ ਮਾਇਆ ਫੜ ਲੈਂਦੀ ਹੈ। ਵੇਖਦੀ ਹੈ - ਕੱਚਾ ਹੈ ਤਾਂ ਹਪ ਕਰ ਲੈਂਦੀ ਹੈ। ਕਈ ਮਹਾਂਰਥੀਆਂ ਨੂੰ ਵੀ ਮਾਇਆ ਹਪ ਕਰ ਗਈ। ਸ਼ਾਸਤਰਾਂ ਵਿਚ ਵੀ ਮਿਸਾਲ ਹੁਣ ਦੇ ਹਨ। ਮੰਦਿਰ ਵਿਚ ਵੀ ਘੁੜ ਸਵਾਰ,

ਮਹਾਂਰਥੀ, ਪਿਆਦੇ ਆਦਿ ਵਿਖਾਉਂਦੇ ਹਨ। ਤੁਸੀ ਹੁਣ ਆਪਣਾ ਯਾਦਗਰ ਵੇਖਦੇ ਹੋ। ਜਦੋਂ ਤੁਸੀ ਬਣ ਜਾਵੇਗਾ ਤਾਂ ਭਗਤੀ ਉੱਡ ਜਾਵੇਗੀ। ਤੁਸੀ ਕਿਸੇ ਨੂੰ ਮੱਥਾ ਨਹੀਂ ਟੇਕ ਸਕਦੇ ਹੋ। ਤੁਸੀ ਪੁੱਛੋਗੇ ਇਹ ਕਿੱਥੇ ਗਏ? ਇਨ੍ਹਾਂ ਦੀ ਬਾਯੋਗ੍ਰਾਫੀ ਦੱਸੋ। ਬਾਬਾ ਨੇ ਤੁਸੀ ਬੱਚਿਆਂ ਨੂੰ ਨਾਲੇਜ਼ਫੁਲ ਬਣਾਇਆ ਹੈ ਜਦੋਂ ਤੁਸੀ ਪੁੱਛਦੇ ਹੋ, ਤਾਂ ਨਸ਼ਾ ਰਹਿਣਾ ਚਾਹੀਦਾ ਹੈ। ਪਾਸ ਵਿਧ ਆਨਰ ਅੱਠ ਹੁੰਦੇ ਹਨ। ਇਹ ਬਹੁਤ ਵੱਡਾ ਇਮਤਿਹਾਨ ਹੈ। ਆਪਣੇ ਨੂੰ ਵੇਖਣਾ ਹੈ - ਸਾਡੀ ਆਤਮਾ ਪਵਿੱਤਰ ਬਣੀ ਹੈ? ਬੈਟਰੀ ਭਰੇਗੀ ਤਾਂ ਜਦੋਂ ਯੋਗ ਹੋਵੇਗਾ। ਬਾਪ ਨਾਲ ਯੋਗ ਹੋਵੇਗਾ ਤਾਂ ਸਤੋਪ੍ਰਧਾਨ ਬਣੋਗੇ। ਤਮੋਪ੍ਰਧਾਨ ਆਤਮਾ ਵਾਪਿਸ ਨਹੀਂ ਜਾ ਸਕਦੀ ਹੈ।

ਇਹ ਵੀ ਡਰਾਮਾ ਹੈ। ਉੱਥੇ ਦੁੱਖ ਦੇਣ ਵਾਲੀ ਕੋਈ ਚੀਜ ਨਹੀਂ ਹੈ। ਗਊਆਂ ਵੀ ਸੋਹਣੀਆਂ ਹਨ। ਗਊਆਂ ਚੰਗਾ ਦੁੱਧ ਦਿੰਦਿਆਂ ਹਨ, ਤਾਂ ਤੇ ਦੁੱਧ ਦੀਆਂ ਨਦੀਆਂ ਵਗਦੀਆਂ ਹਨ। ਹੁਣ ਇੱਥੇ ਨਹੀਂ ਹਨ। ਹੁਣ ਤੁਸੀ ਨਾਲੇਜ਼ਫੁਲ ਬਣ ਗਏ ਹੋ। ਇਸ ਦੁਨੀਆ ਨੂੰ ਤੁਸੀ ਤੁੱਛ ਸਮਝਦੇ ਹੋ। ਇਨ੍ਹਾਂ ਦਾ ਸਾਰਾ ਕਿਚੜਾ ਸਵਾਹਾ ਹੋਣਾ ਹੈ। ਫਿਰ ਸਾਰਾ ਕਿਚੜਾ ਨਿਕਲ ਸਭ ਸਵੱਛ ਬਣ ਜਾਵੇਗਾ। ਅਸੀ ਆਪਣੀ ਰਾਜਧਾਨੀ ਵਿਚ ਜਾਂਦੇ ਹਾਂ। ਉਸ ਦਾ ਨਾਮ ਹੈ ਸਵਰਗ। ਸੁਣਦੇ ਹੀ ਖੁਸ਼ੀ ਹੁੰਦੀ ਹੈ। ਚੰਗਾ!

ਮਿੱਠੇ - ਮਿੱਠੇ ਸਿਕਿਲਧੇ ਬੱਚਿਆਂ ਪ੍ਰਤੀ ਮਾਤਾ - ਪਿਤਾ ਬਾਪਦਾਦਾ ਦਾ ਯਾਦ - ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਦੇ ਲਈ ਮੁੱਖ ਸਾਰ :

**1.** ਇਸ ਅਨਸੁਧਰੀ ਪੁਰਾਣੀ ਦੁਨੀਆ ਨੂੰ ਸੁਧਾਰਨ ਦੇ ਲਈ ਖੁਦ ਨੂੰ ਸੁਧਾਰਨਾ ਹੈ, ਆਪਣੀ ਬੁੱਧੀ ਨੂੰ ਬਾਪ ਦੀ ਯਾਦ ਨਾਲ ਰੀਫਾਇਨ ਬਣਾਉਣਾ ਹੈ।

2. ਆਪਸ ਵਿਚ ਰੂਹਰਿਹਾਨ ਕਰਨੀ ਹੈ, ਵਾਦ - ਵਿਵਾਦ ਨਹੀਂ। ਨਾਲੇਜ਼ ਦਾ ਦਾਨ ਦੇ ਸਰਵ ਦਾ ਭੰਡਾਰਾ ਭਰਪੂਰ ਕਰਨਾ ਹੈ।

ਵਰਦਾਨ:- ਸਵਮਾਨ ਦੀ ਸੀਟ ਤੇ ਸਥਿਤ ਹੋ ਸ਼ਕਤੀਆਂ ਨੂੰ ਆਰਡਰ ਪ੍ਰਮਾਣ ਚਲਾਉਣ ਵਾਲੇ ਵਿਸ਼ਾਲ ਬੁੱਧੀ ਭਵ।
ਆਪਣੀ ਵਿਸ਼ਾਲ ਬੁੱਧੀ ਦਵਾਰਾ ਸਰਵ ਸ਼ਕਤੀਆਂ ਰੂਪੀ ਸੇਵਾਧਾਰੀਆਂ ਨੂੰ ਸਮੇਂ ਤੇ ਕੰਮ ਵਿਚ ਲਗਾਓ। ਜੋ ਵੀ ਟਾਇਟਲ ਡਾਇਰੈਕਟ ਪਰਮਾਤਮਾ ਦਵਾਰਾ ਮਿਲੇ ਹੋਏ ਹਨ, ਉਸ ਦੇ ਨਸ਼ੇ ਵਿਚ ਰਹੋ। ਸਵਮਾਨ ਦੀ ਸਥਿਤੀ ਰੂਪੀ ਸੀਟ ਤੇ ਸੈੱਟ ਰਹੋ ਤਾਂ ਸਰਵ ਸ਼ਕਤੀਆਂ ਸੇਵਾ ਦੇ ਲਈ ਸਦਾ ਹਾਜਿਰ ਅਨੁਭਵ ਹੋਣਗੀਆਂ। ਤੁਹਾਡੇ ਆਰਡਰ ਦੇ ਇੰਤਜ਼ਾਰ ਵਿਚ ਹੋਣਗੀਆਂ। ਤਾਂ ਵਰਦਾਨ ਅਤੇ ਵਰਸੇ ਨੂੰ ਕੰਮ ਵਿਚ ਲਗਾਓ। ਮਾਲਿਕ ਬਣ, ਯੋਗਯੁਕਤ ਬਣ ਯੁਕਤੀਯੁਕਤ ਸੇਵਾ ਸੇਵਾਧਾਰੀਆਂ ਤੋਂ ਲਵੋ ਤਾਂ ਸਦਾ ਰਾਜ਼ੀ ਰਹੋਗੇ। ਬਾਰ - ਬਾਰ ਅਰਜੀ ਨਹੀਂ ਪਾਵੋਗੇ।

ਸਲੋਗਨ:- ਕੋਈ ਵੀ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਵਿਸ਼ੇਸ਼ ਇਹ ਸਮ੍ਰਿਤੀ ਇਮਰਜ਼ ਕਰੋ ਕਿ ਸਫਲਤਾ ਮੇਰਾ ਸ੍ਰੇਸ਼ਠ ਬ੍ਰਾਹਮਣ ਆਤਮਾ ਦਾ ਜਨਮ ਸਿੱਧ ਅਧਿਕਾਰ ਹੈ।

******